# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 04-10-2023**

- ਕੇਂਦਰ ਸਰਕਾਰ ਨੇ ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਲਈ, ਪ੍ਰਤੀ ਸਿਲੰਡਰ LPG ਸਬਸਿਡੀ ਵਿੱਚ ਸੌ ਰੁਪਏ ਦਾ ਹੋਰ ਵਾਧਾ ਕੀਤਾ, ਹੁਣ 300 ਰੁਪਏ ਮਿਲੇਗੀ ਸਬਸਿਡੀ ।
- ਸੁਪਰੀਮ ਕੋਰਟ ਨੇ ਸਤਲੁਜ ਯਮੁਨਾ ਲਿੰਕ ਨਹਿਰ ਵਿਵਾਦ 'ਤੇ ਪੰਜਾਬ ਸਰਕਾਰ ਨੂੰ ਸਿਆਸਤ ਨਾ ਕਰਕੇ ਢੁਕਵੇਂ ਕਦਮ ਚੁੱਕਣ ਲਈ ਆਖਿਆ ।
- ਸੈਂਟਰਲ ਇੰਸਟੀਚਿਊਟ ਆਫ਼ ਪੋਸਟ-ਹਾਰਵੈਸਟ ਇੰਜਨੀਅਰਿੰਗ ਐਂਡ ਟੈਕਨਾਲੋਜੀ ਲੁਧਿਆਣਾ ਨੇ ਆਪਣੇ 35ਵੇਂ ਸਥਾਪਨਾ ਦਿਵਸ ਤੇ ਪੰਜ ਅਕਤੂਬਰ ਤਕ ਐਗਰੋ-ਪ੍ਰੋਸੈਸਿੰਗ ਤੇ ਉਦਯੋਗ ਇੰਟਰਫੇਸ ਅਤੇ ਕਿਸਾਨ ਮੇਲੇ ਦਾ ਆਯੋਜਨ ਕੀਤਾ ਏ ।
- ਏਸ਼ਿਆਈ ਖੇਡਾਂ ਵਿੱਚ ਭਾਰਤ ਦਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਏ, ਭਾਰਤੀ ਮਰਦਾਂ ਦੀ ਹਾਕੀ ਟੀਮ ਦੱਖਣੀ ਕੋਰੀਆ ਨੂੰ ਹਰਾ ਕੇ ਫਾਈਨਲ ਵਿਚ ਪੁੱਜੀ ।

----------------------------------------------------------

ਕੇਂਦਰ ਸਰਕਾਰ ਨੇ ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਲਈ, ਪ੍ਰਤੀ ਸਿਲੰਡਰ ਐਲ ਪੀ ਜੀ ਸਬਸਿਡੀ ਵਿੱਚ 100 ਰੁਪਏ ਦਾ ਵਾਧਾ ਕੀਤਾ ਏ। ਇਸ ਬਾਰੇ ਫੈਸਲਾ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਦੀ ਅੱਜ ਨਵੀਂ ਦਿੱਲੀ ਵਿਚ ਹੋਈ ਮੀਟਿੰਗ ਦੌਰਾਨ ਲਿਆ ਗਿਆ। ਮੀਡੀਆ ਨੂੰ ਮੀਟਿੰਗ ਦੇ ਫੈਸਲਿਆਂ ਦੀ ਜਾਣਕਾਰੀ ਦਿੰਦੇ ਹੋਏ, ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਸਿੰਘ ਠਾਕੁਰ ਨੇ ਕਿਹਾ ਕਿ ਇੱਕ ਵੱਡੇ ਫੈਸਲੇ ਵਿੱਚ ਉੱਜਵਲਾ ਯੋਜਨਾ ਦੀ ਐਲ ਪੀ ਜੀ ਸਬਸਿਡੀ ਵਿੱਚ ਵਾਧੇ ਨੂੰ ਮਨਜ਼ੂਰੀ ਦਿੱਤੀ ਏ ਅਤੇ ਲਾਭਪਾਤਰੀਆਂ ਲਈ ਇਸ ਨੂੰ ਮੌਜੂਦਾ 200 ਰੁਪਏ ਪ੍ਰਤੀ ਸਿਲੰਡਰ ਤੋਂ ਵਧਾ ਕੇ 300 ਰੁਪਏ ਪ੍ਰਤੀ ਸਿਲੰਡਰ ਕਰ ਦਿੱਤਾ ਗਿਆ ਏ।

----------------------------------------------------------

ਆਯੁਸ਼ਮਾਨ ਭਵ ਮੁਹਿੰਮ ਤਹਿਤ ਕਰੀਬ 64 ਹਜ਼ਾਰ ਵਿਅਕਤੀਆਂ ਨੇ, ਆਪਣੇ ਅੰਗ ਦਾਨ ਕਰਨ ਦਾ ਸੰਕਲਪ ਲਿਆ ਏ। ਇਹ ਮੁਹਿੰਮ ਇਸ ਸਾਲ 17 ਸਤੰਬਰ ਤੋਂ 2 ਅਕਤੂਬਰ ਤੱਕ ਸੇਵਾ ਪੰਦਰਵਾੜਾ ਦੌਰਾਨ ਚਲਾਈ ਗਈ ਸੀ। ਕੇਂਦਰੀ ਸਿਹਤ ਮੰਤਰੀ ਡਾ. ਮਨਸੁਖ ਮਾਂਡਵੀਆ ਨੇ ਵੀ ਅੰਗਦਾਨ ਲਈ ਰਜਿਸਟ੍ਰੇਸ਼ਨ ਕਰਵਾਈ ਏ। ਉਨਾਂ ਕਿਹਾ ਕਿ

ਆਯੁਸ਼ਮਾਨ ਭਵ ਮੁਹਿੰਮ, ਬੇਹਦ ਕਾਮਯਾਬ ਰਹੀ ਅਤੇ ਲੋਕਾਂ ਨੇ ਇਸ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ । ਉਨ੍ਹਾਂ ਦੱਸਿਆ ਕਿ ਕਰੀਬ 2 ਲੱਖ 70 ਹਜ਼ਾਰ ਸਿਹਤ ਮੇਲੇ ਲਗਾਏ ਗਏ ਨੇ । ਇੱਕ ਕਰੋੜ 61 ਲੱਖ ਤੋਂ ਵੱਧ ਵਿਅਕਤੀਆਂ ਨੇ ਇਸ ਦਾ ਲਾਭ ਲਿਆ। ਸਿਹਤ ਮੰਤਰੀ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ, ਕਰੀਬ 64 ਲੱਖ ਆਯੂਸ਼ਮਾਨ ਕਾਰਡ ਜਾਰੀ ਕੀਤੇ ਗਏ ਅਤੇ ਇਕ ਕਰੋੜ ਤੋਂ ਵੱਧ ਆਭਾ ਕਾਰਡ ਬਣਾਏ ਗਏ। ਇਸ ਤੋਂ ਇਲਾਵਾ 14 ਹਜ਼ਾਰ 157 ਖ਼ੂਨਦਾਨ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ 2 ਲੱਖ 28 ਹਜ਼ਾਰ ਯੂਨਿਟ ਖ਼ੂਨ ਇੱਕਠਾ ਕੀਤਾ ਗਿਆ।

-----------------------------------------------------------

ਸਤਲੁਜ ਯਮੁਨਾ ਲਿੰਕ ਨਹਿਰ ਵਿਵਾਦ 'ਤੇ ਸਰਵਉੱਚ ਅਦਾਲਤ ਨੇ ਅੱਜ ਪੰਜਾਬ ਸਰਕਾਰ ਨਾਲ ਸਖਤੀ ਨਾਲ ਪੇਸ਼ ਆਉਂਦਿਆਂ, ਇਸ ਮੁੱਦੇ 'ਤੇ ਸਿਆਸਤ ਨਾ ਕਰਨ ਲਈ ਆਖਿਆ ਏ। ਅਦਾਲਤ ਨੇ ਕਿਹਾ ਕਿ ਪੰਜਾਬ ਸਰਕਾਰ ਕਾਨੂੰਨ ਤੋਂ ਉਪਰ ਨਹੀਂ ਏ ਅਤੇ ਸੁਪਰੀਮ ਕੋਰਟ ਨੂੰ ਸਖ਼ਤ ਹੁਕਮ ਦੇਣ ਲਈ ਮਜਬੂਰ ਨਾ ਕਰੋ। ਸਰਵਉੱਚ ਅਦਾਲਤ ਨੇ, ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿੱਚ ਅੱਗੇ ਵਧਣ ਦਾ ਹੁਕਮ ਦੀਦਿਆਂ ਕਿਹਾ ਕਿ ਜੇਕਰ ਸਰਵਉੱਚ ਅਦਾਲਤ ਕਿਸੇ ਹੱਲ ਵੱਲ ਵਧ

ਰਹੀ ਏ ਤਾਂ ਪੰਜਾਬ ਸਰਕਾਰ ਨੂੰ ਵੀ ਉਸਾਰੂ ਰਵੱਈਆ ਦਿਖਾਉਣਾ ਚਾਹੀਦਾ ਏ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਵੀ ਕਿਹਾ ਕਿ ਉਹ, ਦੋਵਾਂ ਸੂਬਿਆਂ ਵਿਚਾਲੇ ਚੱਲ ਰਹੇ ਵਿਵਾਦ ਨੂੰ ਸੁਲਝਾਉਣ ਲਈ, ਪਹਿਲਕਦਮੀ ਕਰੇ। ਅਦਾਲਤ ਨੇ ਕਿਹਾ ਕਿ ਹਰਿਆਣਾ ਵਿੱਚ SYL ਨਹਿਰ ਬਣਾਉਣ ਦੀ ਪ੍ਰਕਿਰਿਆ ਕਰੀਬ ਪੂਰੀ ਹੋ ਚੁੱਕੀ ਏ, ਇਸ ਲਈ ਪੰਜਾਬ ਨੂੰ ਵੀ ਇਸ ਸਮੱਸਿਆ ਦਾ ਹੱਲ ਲੱਭਣ ਲਈ ਕੰਮ ਕਰਨਾ ਚਾਹੀਦਾ ਏ।

---------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਅੱਜ ਇਕ ਵੱਡਾ ਐਲਾਨ ਕੀਤਾ ਏ। ਸੋਸ਼ਲ ਮੀਡਿਆ ਰਾਹੀਂ, ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਦੀਆਂ ਲੰਬੇ ਸਮੇਂ ਤੋਂ ਉਡੀਕੀਆਂ ਜਾ ਰਹੀਆਂ ਚੋਣਾਂ ਲਈ 21 ਅਕਤੂਬਰ ਤੋਂ ਨਵੀਆਂ ਵੋਟਾਂ ਬਣਾਉਣ ਅਤੇ ਵੋਟਰ ਸੂਚੀਆਂ ਦੀ ਸੁਧਾਈ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ। ਉਨਾਂ ਕਿਹਾ ਕਿ ਚੋਣਾਂ ਸਬੰਧੀ ਬਾਕੀ ਵੇਰਵੇ ਛੇਤੀ ਹੀ ਜਾਰੀ ਕੀਤੇ ਜਾਣਗੇ।

---------------------------------------------------------

ਪੰਜਾਬ BJP ਦੇ ਜਨਰਲ ਸਕੱਤਰ ਪਰਮਿੰਦਰ ਸਿੰਘ ਬਰਾੜ ਨੇ ਕਿਹਾ

ਏ ਕਿ ਸੂਬੇ ਦੇ ਨੌਜਵਾਨਾਂ ਨੇ, ਪੰਜਾਬ ਦੀ ਸੱਤਾ ਵਿੱਚ ਬਦਲਾਅ ਕਰਕੇ BJP ਨੂੰ ਸੱਤਾ ਵਿਚ ਲਿਆਉਣ ਦਾ ਮਨ ਬਣਾ ਲਿਆ ਏ ਅਤੇ ਇਸ ਦਾ ਸੰਕੇਤ, ਵਿਦਿਆਰਥੀ ਆਗੂਆਂ ਦੇ ਲਗਾਤਾਰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਤੋਂ ਸਾਫ਼ ਮਿਲ ਰਿਹਾ ਏ। ਚੰਡੀਗੜ੍ਹ ਵਿਚ ਅੱਜ ਇਕ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਿਨ ਕਰਦਿਆਂ ਉਹਨਾਂ ਕਿਹਾ ਕਿ ਸੂਬੇ ਦੀ ਸੱਤਾ ਵਿੱਚ ਜਦੋਂ ਵੀ ਬਦਲਾਅ ਆਇਆ ਤਾਂ ਨੌਜਵਾਨ ਆਗੂ, ਉਸ ਵਿਚ ਮੋਹਰੀ ਰਹੇ ਨੇ। ਪਰਮਿੰਦਰ ਸਿੰਘ ਬਰਾੜ ਨੇ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ, ਕਾਂਗਰਸ ਤੇ ਅਕਾਲੀ ਦਲ, ਕਿਸੇ ਨੇ ਵੀ ਪੰਜਾਬ ਦੀ ਖੁਸ਼ਹਾਲੀ ਵੱਲ ਕੋਈ ਧਿਆਨ ਨਹੀਂ ਦਿੱਤਾ। ਉਹਨਾਂ ਕਿਹਾ ਕਿ ਬਦਲਾਅ ਦੇ ਨਾਮ ਤੇ ਪੰਜਾਬੀਆ ਨਾਲ ਪਹਿਲਾਂ ਹੀ ਧੋਖਾ ਹੋ ਚੁੱਕਾ ਏ, ਪਰ ਹੁਣ ਸਾਡੇ ਬਹਾਦੁਰ ਤੇ ਸਮਝਦਾਰ ਪੰਜਾਬੀ ਕੋਈ ਗ਼ਲਤੀ ਨਹੀਂ ਕਰਨਗੇ ਅਤੇ ਉਹ ਸਿਰਫ BJP ਨੂੰ ਹੀ ਪੰਜਾਬ ਦੀ ਸੱਤਾ ਵਿੱਚ ਲਿਆਉਣਗੇ। ਇਸ ਮੌਕੇ ਤੇ ਕਈ ਵਿਦਿਆਰਥੀ ਆਗੂ BJP ਵਿਚ ਸ਼ਾਮਲ ਹੋਏ। ਪਾਰਟੀ ਦੇ ਸੂਬਾ ਮੀਡੀਆ ਸਕੱਤਰ ਹਰਦੇਵ ਸਿੰਘ ਉਭਾ ਤੇ ਸੂਬਾ ਮੀਤ ਪ੍ਰਧਾਨ ਜੈਸ਼ਮੀਨ ਸੰਧੇਵਾਲੀਆ ਵੀ ਇਸ ਮੌਕੇ ਹਾਜਰ ਸਨ।

---

ਬਠਿੰਡਾ ਦੀ ਇੱਕ ਅਦਾਲਤ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਏ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਇਸ ਅੱਜ ਅਰਜੀ ਤੇ ਬਹਿਸ ਹੋਈ ਪਰ ਬਚਾਵ ਪੱਖ ਦੀਆਂ ਦਲੀਲਾਂ ਨਾਲ ਸਹਿਮਤ ਨਾ ਹੁੰਦਿਆਂ ਅਦਾਲਤ ਨੇ ਇਹ ਅਰਜ਼ੀ ਰੱਦ ਕਰ ਦਿੱਤੀ।

---

ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ, ਆਮ ਆਦਮੀ ਪਾਰਟੀ ਤੇ ਬਦਲਾਖੋਰੀ ਦੀ ਨੀਤੀ ਅਪਨਾਉਣ ਦਾ ਦੋਸ਼ ਲਾਇਆ ਏ। ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਬੰਦ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਮਿਲਣ ਲਈ ਆਏ ਕਾਂਗਰਸ ਆਗੂ ਨੇ, ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਕਿਹਾ ਕਿ ਸੂਬੇ ਵਿੱਚ ਕਾਂਗਰਸ ਪਾਰਟੀ ਦਾ ਆਮ ਆਦਮੀ ਪਾਰਟੀ ਨਾਲ ਕੋਈ ਗੱਠਜੋੜ ਨਹੀਂ ਏ ਅਤੇ ਕਾਂਗਰਸ ਪਾਰਟੀ ਵਿਰੋਧੀ ਧਿਰ ਵਜੋਂ, ਆਪਣੀ ਬਣਦੀ ਭੂਮਿਕਾ ਪੂਰੀ ਤਰ੍ਹਾਂ ਨਾਲ ਨਿਭਾ ਰਹੀ ਏ। ਨਸ਼ੇ ਦੇ ਮੁੱਦੇ ਤੇ ਸੂਬਾ ਸਰਕਾਰ ਦੀ ਆਲੋਚਨਾ ਕਰਦਿਆਂ, ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਹੁਣ ਨਸ਼ਾ ਤਾਂ ਘਰ-ਘਰ ਵਿਕ ਰਿਹਾ ਏ ਅਤੇ ਹੋਮ ਡਿਲੀਵਰੀ ਵੀ ਹੋ ਗਈ ਏ।

ਪਿੰਡਾਂ ਦੇ ਖੂਹਾਂ ਤੇ ਸੱਥਾਂ ਵਿੱਚ ਨਸ਼ੇ ਦੇ ਟੀਕੇ ਅਤੇ ਹੋਰ ਸਮਾਨ ਖੁਲੇ ਆਮ ਮਿਲਦਾ ਏ। ਉਨਾਂ ਕਿਹਾ ਕਿ ਆਉਣ ਵਾਲੇ ਸਾਲ ਡੇਢ ਸਾਲ ਵਿੱਚ ਸੂਬਾ ਸਰਕਾਰ ਦੇ ਘੋਟਾਲੇ ਤੇ ਘੋਟਾਲੇ ਸਾਹਮਣੇ ਆਉਣਗੇ।

---------------------------------------------------------

ਸੰਗਰੂਰ ਜਿਲ੍ਹੇ ਦੀ ਸੁਨਾਮ ਤਹਿਸੀਲ ਨੇੜਲੇ ਪਿੰਡ ਛਾਜਲੀ ਦੇ ਫੌਜੀ ਜਵਾਨ, ਪਰਮਿੰਦਰ ਸਿੰਘ, ਕਾਰਗਿਲ ਵਿਚ ਸ਼ਹੀਦ ਹੋ ਗਏ ਨੇ। ਪਿਛਲ਼ੇ ਕਰੀਬ 7 ਸਾਲਾਂ ਤੋਂ ਫੌਜ ਵਿਚ ਸੇਵਾਵਾਂ ਨਿਭਾਅ ਰਹੇ ਪਰਮਿੰਦਰ, ਪੰਜਾਬ ਸਿੱਖ ਰੈਜੀਮੈਂਟ ਯੂਨਿਟ ਨਾਲ ਸਬੰਧਤ ਸਨ। ਸ਼ਹੀਦ ਦੇ ਭਰਾ ਵੀ ਫੋਜ ਵਿੱਚ ਹੀ ਸੇਵਾਵਾਂ ਨਿਭਾ ਰਹੇ ਨੇ ਅਤੇ ਪਿਤਾ ਫੌਜ ਵਿਚੋਂ ਹੀ ਸੇਵਾ ਮੁਕਤ ਨੇ। ਸ਼ਹੀਦ ਦੀ ਮ੍ਰਿਤਕ ਦੇਹ ਕੱਲ੍ਹ 5 ਅਕਤੂਬਰ ਨੂੰ ਪਿੰਡ ਛਾਜਲੀ ਪਹੁੰਚੇਗੀ ਅਤੇ ਉਸ ਤੋਂ ਬਾਅਦ ਹੀ ਸਰਕਾਰੀ ਸਨਮਾਨਾਂ ਨਾਲ ਉਨਾਂ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਰਮਿੰਦਰ ਸਿੰਘ ਦੀ ਸ਼ਹਾਦਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਏ। ਇਕ ਬਿਆਨ ਵਿੱਚ ਉਨਾਂ ਕਿਹਾ ਕਿ ਇਹ ਦੇਸ਼ ਤੇ ਪਰਿਵਾਰ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਏ।

--------------------------------------------

ਲੁਧਿਆਣਾ ਵਿਖੇ ਸੈਂਟਰਲ ਇੰਸਟੀਚਿਊਟ ਆਫ਼ ਪੋਸਟ-ਹਾਰਵੈਸਟ ਇੰਜਨੀਅਰਿੰਗ ਐਂਡ ਟੈਕਨਾਲੋਜੀ ਨੇ ਆਪਣੇ 35ਵੇਂ ਸਥਾਪਨਾ ਦਿਵਸ ਦੇ ਮੌਕੇ ਤੇ 5 ਅਕਤੂਬਰ ਤਕ ਐਗਰੋ-ਪ੍ਰੋਸੈਸਿੰਗ ਤੇ ਉਦਯੋਗ ਇੰਟਰਫੇਸ ਅਤੇ ਕਿਸਾਨ ਮੇਲੇ ਦਾ ਆਯੋਜਨ ਕੀਤਾ ਏ। ਨਵੀਂ ਦਿੱਲੀ 'ਚ ਭਾਰਤੀ ਖੇਤੀਬਾੜੀ ਖੋਜ ਕੌਂਸਲ ਦੇ ਡਿਪਟੀ ਡਾਇਰੈਕਟਰ ਜਨਰਲ ਖੇਤੀਬਾੜੀ ਇੰਜਨੀਅਰਿੰਗ ਡਾ.SN ਝਾ ਇਸ ਮੇਲੇ ਦੇ ਮੁੱਖ ਮਹਿਮਾਨ ਜਦਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਵਿਸ਼ੇਸ਼ ਮਹਿਮਾਨ ਰਹੇ।ਆਪਣੇ ਸੰਬੋਧਨ ਵਿਚ ਡਾ. ਝਾ ਨੇ ਖੇਤੀਬਾੜੀ ਵਿੱਚ ਮਸ਼ੀਨੀਕਰਨ ਨੂੰ ਸੀਮਤ ਅਪਣਾਉਣ ਅਤੇ ਖੇਤੀਬਾੜੀ ਇੰਜਨੀਅਰਿੰਗ ਡਾਇਰੈਕਟੋਰੇਟ ਦੀ ਸਥਾਪਨਾ ਰਾਹੀਂ ਕਿਸਾਨਾਂ ਨੂੰ ਇਹਨਾਂ ਤਕਨੀਕਾਂ ਨੂੰ ਪੇਸ਼ ਕਰਨ ਦੀ ਜਰੂਰਤ ਤੇ ਜ਼ੋਰ ਦਿੱਤਾ। ਇਹ ਤਾਜਵੀਜ਼ਸ਼ੁਦਾ ਡਾਇਰੈਕਟੋਰੇਟ ਮਸ਼ੀਨੀ ਖੇਤੀ ਤਕਨੀਕਾਂ ਦਾ ਪ੍ਰਦਰਸ਼ਨ ਕਰਨ ਲਈ, ਬੀ.ਟੈਕ ਐਗਰੀਕਲਚਰਲ ਇੰਜੀਨੀਅਰਾਂ ਨੂੰ ਨਿਯੁਕਤ ਕਰੇਗਾ। ਸੈਂਟਰਲ ਇੰਸਟੀਚਿਊਟ ਦੇ ਡਾਇਰੈਕਟਰ ਡਾ. ਨਚੀਕੇਤ ਕੋਤ-ਵਾਲੀਵਾਲੇ ਨੇ ਕਿਹਾ ਕਿ ਸਾਡੇ ਕਿਸਾਨ ਭਾਈਚਾਰੇ ਨੂੰ ਮਜਬੂਤ ਕਰਨ ਅਤੇ ਖੇਤੀ-ਪ੍ਰੋਸੈਸਿੰਗ ਨੂੰ ਹੋਰ ਉਚਾਈਆਂ ਤੇ ਲਿਜਾਣ ਲਈ ਇਹ ਮੇਲਾ ਇੱਕ ਮਹੱਤਵਪੂਰਨ ਕਦਮ ਏ।

---

ਦੁਨੀਆਂ ਭਰ ਵਿੱਚ ਖੇਡਾਂ ਦੇ ਸਮਾਨ ਦੇ ਨਿਰਮਾਣ ਵਿੱਚ ਜਲੰਧਰ ਸ਼ਹਿਰ ਦੀ ਇੱਕ ਵਿਸ਼ੇਸ਼ ਪਛਾਣ ਏ। ਹੁਣ ਜਿਵੇਂ ਹੀ, ਦੇਸ਼ ਵਿੱਚ ਕ੍ਰਿਕਟ ਵਰਲਡ ਕੱਪ ਸ਼ੁਰੂ ਹੋਣ ਜਾ ਰਿਹਾ ਏ ਤਾਂ ਜਲੰਧਰ ਸ਼ਹਿਰ ਦੇ ਖੇਡ ਕਾਰੋਬਾਰੀਆਂ ਵਿੱਚ ਇੱਕ ਖਾਸ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਏ ਕਿਉਂਕਿ ਖੇਡਾਂ ਦੇ ਸਮਾਨ ਖਾਸ ਕਰਕੇ ਕ੍ਰਿਕਟ ਨਾਲ ਸਬੰਧਤ ਸਮਾਨ ਦੀ ਮੰਗ ਕਈ ਗੁਣਾ ਵੱਧ ਗਈ ਏ।

**ਇੱਕ ਰਿਪੋਰਟ -** *ਡਿਸਪੈਚ: ਜਲੰਧਰ ਸ਼ਹਿਰ ਨੂੰ ਖੇਡਾਂ ਦਾ ਮਿਆਰੀ ਸਾਮਾਨ ਤਿਆਰ ਕਰਨ ਦੇ ਇਕ ਮੁਖ ਕੇਂਦਰ ਵਜੋਂ ਜਾਣਿਆ ਜਾਂਦਾ ਏ ਅਤੇ ਇਕ ਅੰਦਾਜ਼ੇ ਅਨੁਸਾਰ ਦੇਸ਼ ਵਿਚ ਖੇਡਾਂ ਦਾ ਕੁਲ ਸਾਮਾਨ ਬਣਾਉਣ ਵਿੱਚ ਕਰੀਬ 60 ਫੀਸਦ ਹਿੱਸਾ ਜਲੰਧਰ ਦੀ ਖੇਡ ਸਨਅਤ ਦਾ ਏ। ਜਲੰਧਰ ਤੋਂ ਖੇਡਾਂ ਦਾ ਸਮਾਨ ਨਾ ਸਿਰਫ ਦੇਸ਼ ਦੀਆਂ ਘਰੇਲੂ ਜ਼ਰੂਰਤਾਂ ਪੂਰਾ ਕਰ ਰਿਹਾ ਏ ਸਗੋਂ ਬਰਤਾਨੀਆ, ਆਸਟ੍ਰੇਲੀਆ, ਅਮਰੀਕਾ ਅਤੇ ਯੂਰਪੀ ਦੇਸ਼ਾਂ ਤੋਂ ਅਲਾਵਾ ਕਈ ਹੋਰ ਦੇਸ਼ਾਂ ਨੂੰ ਬਰਾਮਦ ਵੀ ਕੀਤਾ ਜਾ ਰਿਹਾ ਏ। ਜਲੰਧਰ ਸ਼ਹਿਰ ਦੀਆਂ ਖੇਡ ਸਨਅਤਾਂ ਵਿੱਚ ਤਿੰਨ ਸੌ ਤੋਂ ਵੱਧ ਕਿਸਮਾਂ ਦੀਆਂ ਖੇਡਾਂ ਦਾ ਸਮਾਨ ਤਿਆਰ ਕੀਤਾ ਜਾਂਦਾ ਏ। ਹੁਣ ਜਲੰਧਰ ਦੀ ਖੇਡ ਸਨਅਤ ਨੂੰ ਦੇਸ਼ ਵਿਚ ਹੋਣ ਜਾ ਰਹੇ ਕ੍ਰਿਕਟ ਵਿਸ਼ਵ*

*ਕੱਪ ਦਾ ਕਾਫੀ ਲਾਭ ਮਿਲ ਰਿਹਾ ਏ। ਪਿਛਲੇ ਕੁਝ ਮਹੀਨਿਆਂ ਦੌਰਾਨ ਖੇਡਾਂ ਦੇ ਸਮਾਨ ਦੀ ਵਿਕਰੀ ਵਿਚ ਆਏ ਉਛਾਲ ਤੋਂ ਇਸ ਦਾ ਸਬੂਤ ਮਿਲਦਾ ਏ। ਕ੍ਰਿਕਟ ਦੇ ਬੈਟ ਤੇ ਹੋਰ ਸਮਾਨ ਦੀ ਮੰਗ ਕਈ ਗੁਣਾ ਵਧ ਗਈ ਏ ਅਤੇ ਇਸ ਨਾਲ ਖੇਡ ਸਨਅਤ ਨਾਲ ਜੁੜੇ ਲੋਕਾਂ ਦੇ ਚਿਹਰਿਆਂ 'ਤੇ ਰੌਣਕ ਆ ਗਈ ਏ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ।*

----------------------------------------------------

ਚੀਨ ਦੇ ਹਾਂਗਜ਼ੂ ਵਿਖੇ 19ਵੀਆਂ ਏਸ਼ਿਆਈ ਖੇਡਾਂ ਵਿੱਚ ਭਾਰਤ ਨੇ 17 ਸੋਨੇ, 31 ਚਾਂਦੀ ਅਤੇ 32 ਕਾਂਸੀ ਦੇ ਤਮਗਿਆਂ ਸਮੇਤ ਹੁਣ ਤਕ ਕੁਲ 80 ਹਾਸਲ ਕੀਤੇ ਨੇ । ਤਮਗਾ ਸੂਚੀ ਵਿੱਚ ਚੌਥੇ ਸਥਾਨ 'ਤੇ ਬਣਿਆ ਹੋਇਆ ਏ। ਏਸ਼ੀਆਈ ਖੇਡਾਂ ਵਿੱਚ ਭਾਰਤ ਦਾ ਇਹ ਹੁਣ ਤੱਕ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਏ । ਇਸ ਤੋਂ ਪਹਿਲਾਂ 2018 ਵਿਚ ਭਾਰਤ ਨੇ ਜਕਾਰਤਾ ਵਿਚ ਹੋਈਆਂ ਖੇਡਾਂ ਵਿਚ 70 ਤਮਗੇ ਜਿੱਤੇ ਸਨ। ਮਰਦਾਂ ਦੇ ਹਾਕੀ ਦੇ ਵਰਗ ਵਿਚ ਕੋਰੀਆ ਨੂੰ 5 - 3 ਨਾਲ ਹਰਾ ਕੇ ਭਾਰਤੀ ਟੀਮ ਫਾਈਨਲ ਵਿਚ ਪੁੱਜ ਗਈ ਏ । ਹੁਣ ਤੋਂ ਥੋੜੀ ਦੇਰ ਪਹਿਲਾਂ ਭਾਰਤ ਦੇ ਨੀਰਜ ਚੋਪੜਾ ਨੇ ਜੈਵਲਿਨ ਥਰੋ ਵਿਚ ਸੋਨੇ ਦਾ ਤਮਗਾ ਜਿਤਿਆ।

-----------------------------------------------------------------

ਕਪੂਰਥਲਾ ਜ਼ਿਲੇ ਦੇ ਸਿਵਲ ਹਸਪਤਾਲ ਵਿਖੇ ਸਿਟੀਜਨਜ਼ ਫੋਰਮ ਦੀ ਅਗਵਾਈ ਹੇਠ ਜ਼ਿਲੇ ਦੇ ਸੀਨੀਅਰ ਸਿਟੀਜਨਜ਼ ਲਈ 15 ਅਕਤੂਬਰ ਨੂੰ ਇਕ ਵਿਸ਼ਾਲ ਮੈਡੀਕਲ ਜਾਂਚ ਕੈਂਪ ਦਾ ਆਯੋਜਨ ਕੀਤਾ ਜਾਵੇਗਾ। ਫੋਰਮ ਦੇ ਚੇਅਰਮੈਨ ਸੂਬਾ ਸਿੰਘ ਅਤੇ ਪ੍ਰਧਾਨ ਬੀ ਐਨ ਗੁਪਤਾ ਨੇ ਦਸਿਆ ਕਿ ਇਹ ਕੈਂਪ ਸਵੇਰੇ 9 ਵਜੇ ਤੋਂ ਦੁਪਹਿਰੇ 2 ਵਜੇ ਤਕ ਆਯੋਜਿਤ ਹੋਵੇਗਾ। ਇਸ ਵਿਚ ਅੱਖਾਂ, ਨੱਕ, ਕੰਨ ਤੇ ਗਲੇ, ਚਮੜੀ ਤੇ ਹੱਡੀਆਂ ਦੇ ਰੋਗਾਂ ਅਤੇ ਮਨੋਰੋਗਾਂ ਦੇ ਮਾਹਰ ਡਾਕਟਰ ਸੀਨੀਅਰ ਸਿਟੀਜਨਜ਼ ਦੀ ਜਾਂਚ ਕਰਨਗੇ। ਉਨਾਂ ਕਿਹਾ ਕਿ ਦਵਾਈਆਂ ਮੁਫ਼ਤ ਦਿਤੀਆਂ ਜਾਣਗੀਆਂ। ਬੀ ਐਨ ਗੁਪਤਾ ਨੇ ਦਸਿਆ ਕਿ ਕੈਂਪ ਬਾਰੇ ਇਕ ਮੀਟਿੰਗ ਅੱਜ ਸਿਵਿਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੰਦੀਪ ਧਵਨ ਨਾਲ ਕੀਤੀ ਗਈ।